# ਪਬਲਿਕ ਨੋਟਿਸ

1.0 ਸਮੂਹ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲ ਸਮੇਤ) ਅਧਿਆਪਕਾਂ ਨੂੰ ਵਿਭਾਗ ਵਿੱਚ ਰੈਗੂਲਰ ਕਰਨ ਸਬੰਧੀ ਵਿਭਾਗ ਵੱਲੋਂ ਮਿਤੀ 09.10.2018 ਨੂੰ ਜਾਰੀ ਨੋਟੀਫਿਕੇਸ਼ਨ ਤਹਿਤ ਵਿਭਾਗ ਵਿੱਚ ਰੈਗੂਲਰ ਹੋਣ ਲਈ ਅਧਿਆਪਕਾਂ ਤੋਂ ਆਪਸ਼ਨ ਲੈਣ ਦੀ ਕਾਰਵਾਈ ਵਿਧੀ ਵਾਰ ਚੱਲ ਰਹੀ ਸੀ। ਪ੍ਰੰਤੂ ਮਿਤੀ 10.03.2019 ਨੂੰ ਲੋਕ ਸਭਾ ਚੋਣਾਂ ਸਬੰਧੀ ਚੋਣ ਜਾਬਤਾ ਲੱਗਣ ਕਾਰਨ ਆਪਸ਼ਨ ਲੈਣ ਲਈ ਪੋਰਟਲ ਬੰਦ ਕਰ ਦਿੱਤਾ ਗਿਆ ਸੀ।

2.0 ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 7382 ਆਫ 2019 ਵਿੱਚ ਮਿਤੀ 18.03.2019 ਨੂੰ ਅੰਤਰਿਮ ਆਰਡਰ ਜਾਰੀ ਕਰਦਿਆਂ ਪਟੀਸ਼ਨਰਾਂ ਨੂੰ ਵਿਭਾਗ ਵਿੱਚ ਰੈਗੂਲਰ ਹੋਣ ਲਈ ਆਪਸ਼ਨ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਸੀ।

3.0 ਇਸ ਦੇ ਮੱਦੇ ਨਜ਼ਰ ਵਿਭਾਗ ਵੱਲੋਂ ਚੋਣ ਕਮਿਸ਼ਨ, ਪੰਜਾਬ ਜੀ ਤੋਂ ਪੱਤਰ ਨੰ:2/40-2019 **Trasnfer cell** 664 ਮਿਤੀ 15.04.2019 ਰਾਹੀਂ ਪੋਰਟਲ ਨੂੰ ਦੁਬਾਰਾ ਖੋਲਣ ਲਈ ਪ੍ਰਵਾਨਗੀ ਮੰਗੀ ਗਈ ਸੀ। ਜਿਸ ਦੇ ਸਬੰਧ ਵਿੱਚ ਉੱਪ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋਂ ਪੱਤਰ ਨੰ: **Elec-2018/R(Clarification/ )-1751** ਮਿਤੀ 22.04.2019 ਰਾਹੀਂ ਪ੍ਰਵਾਨਗੀ ਦਿੱਤੀ ਗਈ ਹੈ।

4.0 ਇਸ ਨੋਟਿਸ ਰਾਹੀਂ ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲ ਸਮੇਤ) ਅਧੀਨ ਕੰਮ ਕਰਦੇ ਅਧਿਆਪਕਾਂ ਜਿਨ੍ਹਾਂ ਵੱਲੋਂ ਅਜੇ ਤੱਕ ਰੈਗੂਲਰ ਹੋਣ ਸਬੰਧੀ ਆਪਸ਼ਨ ਨਹੀਂ ਦਿੱਤੀ ਗਈ ਹੈ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਨਲਾਈਨ ਆਪਸ਼ਨ ਦੇਣ ਲਈ ਪੋਰਟਲ ਮਿਤੀ 27.04.2019 ਤੋਂ ਮਿਤੀ 03.05.2019 ਰਾਤ 12:00 ਵਜੇ ਤੱਕ ਖੋਲਿਆ ਜਾਂਦਾ ਹੈ।

5.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਆਖਰੀ ਮੌਕਾ ਹੈ ਅਤੇ ਇਸ ਤੋਂ ਬਾਅਦ ਦੁਬਾਰਾ ਭਵਿੱਖ ਵਿੱਚ ਪੋਰਟਲ ਨਹੀਂ ਖੋਲਿਆ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।

Scanned with CamScanner